**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

2. ਸਕੂਲਾਂ ਦੇ ਮੁੱਖੀ

(ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਐਜੂਸੈਟ/24/68/DES/2008/ Allen/ale.9.9T
ਮਿਤੀ ਚੰਡੀਗੜ੍ਹ 11/ਫਰਵਰੀ, 2010

ਵਿਸ਼ਾ **ਐਜੂਸੈਟ ਪ੍ਰੋਗਰਾਮ ਤਹਿਤ ਐਸ.ਆਈ.ਟੀ. /ਆਰ.ਓ.ਟੀ. ਦੀ ਵਰਤੋਂ ਬਾਰੇ**

1.0 ਉਪਰੋਕਤ ਵਿਸ਼ੇ ਤੇ ਮੁੱਖ ਦਫਤਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆ ਗਈਆਂ ਹਦਾਇਤਾਂ ਅਤੇ ਮਹੀਨਾਵਾਰ ਮੀਟਿੰਗਾਂ ਵਿੱਚ ਹੋਈ ਗੱਲ-ਬਾਤ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁਕਣ ਲਈ ਪੰਜਾਬ ਐਜੂਸੈਟ ਸੋਸਾਇਟੀ ਦੇ ਰਾਹੀਂ ਵਿਸ਼ੇਸ਼ ਕਰਕੇ ਗਿਆਰ੍ਹਵੀਂ ਅਤੇ ਬਾਰ੍ਹਵੀ ਕਲਾਸਾਂ ਦੇ ਬੱਚਿਆਂ ਲਈ ਪ੍ਰੋਗਰਾਮ ਪ੍ਰਸ਼ਾਰਿਤ ਕੀਤੇ ਜਾਂਦੇ ਹਨ । ਇਸ ਬਾਰੇ ਸਾਰੇ ਸਕੂਲਾਂ ਨੂੰ ਟਾਈਮ-ਟੇਬਲ ਵੀ ਦਿੱਤਾ ਹੋਇਆ ਹੈ ਅਤੇ ਬੇਨਤੀ ਕੀਤੀ ਗਈ ਹੈ ਕਿ ਇਸ ਸਮੇ ਦੌਰਾਨ ਆਪਣੇ ਸਕੂਲ ਦਾ ਟਾਈਮ-ਟੇਬਲ ਵੀ ਐਡਜਸਟਮੈਂਟ ਕਰਨ ਦੀ ਖੇਚਲ ਕਰਨ । ਪੰਜਾਬ ਐਜੂਸੈਟ ਦੀ ਸਟੇਟ ਹੱਬ ਵੱਲੋਂ ਸਕੂਲਾਂ ਵਿੱਚ ਲਗਾਏ ਐਸ.ਆਈ.ਟੀ./ਆਰ.ਓ.ਟੀ. ਦੀ ਹਰ ਰੋਜ ਰਿਪੋਰਟ ਸਿਸਟਮ ਦੇ ਵਿੱਚ ਆਪਣੇ ਆਪ ਹੀ ਆ ਜਾਂਦੀ ਹੈ । ਇਹ ਆਮ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਐਸ.ਆਈ.ਟੀ. / ਆਰ.ਓ.ਟੀ. ਨੂੰ ਆਨ ਹੀ ਨਹੀਂ ਕਰਦੇ ਅਤੇ ਨਾ ਹੀ ਇਸ ਦਾ ਕੋਈ ਫਾਇਦਾ ਉਠਾਉਂਦੇ ਹਨ । ਦੂਜੇ ਪਾਸੇ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਈ ਸਕੂਲਾਂ ਦੇ ਮੁੱਖੀ ਐਸ.ਆਈ.ਟੀ. / ਆਰ.ਓ.ਟੀ. ਨੂੰ ਆਨ ਕਰਵਾ ਦਿੰਦੇ ਹਨ ਜਦੋਂ ਕਿ ਕੋਈ ਵੀ ਵਿਦਿਆਰਥੀ ਉਸ ਪ੍ਰੋਗਰਾਮ ਨੂੰ ਉਸ ਵੇਲੇ ਨਹੀਂ ਵੇਖਦਾ ਹੈ । ਇਹ ਦੋਵੇ ਹੀ ਸਥਿਤੀਆਂ ਬਿਲਕੁਲ ਗਲਤ ਹਨ ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜਿੱਥੇ ਐਸ.ਆਈ.ਟੀ./ਆਰ.ਓ.ਟੀ. ਲੱਗੀ ਹੋਈ ਹੈ, ਉਸ ਨੂੰ ਆਨ ਕੀਤਾ ਜਾਵੇ, ਪਰੰਤੂ ਇਹ ਜ਼ਰੂਰ ਵੇਖ ਲਿਆ ਜਾਵੇ ਕਿ ਕੋਈ ਵੀ ਐਸ.ਆਈ.ਟੀ./ਆਰ.ਓ.ਟੀ. ਬਿਨਾਂ ਕਿਸੀ ਕੰਮ ਤੋਂ ਆਨ ਨਾ ਕੀਤੀ ਜਾਵੇ । ਕਹਿਣ ਦਾ ਭਾਵ ਇਹ ਹੈ ਕਿ ਜੇਕਰ ਪ੍ਰਸ਼ਾਰਿਤ ਕੀਤੇ ਗਏ ਪ੍ਰੋਗਰਾਮ ਨਾਲ ਸਬੰਧਤ ਵਿਦਿਆਰਥੀ ਉਸ ਸਕੂਲ ਵਿੱਚ ਮੌਜੂਦ ਨਹੀਂ ਹਨ ਤਾਂ ਬਗੈਰ ਕਿਸੀ ਕੰਮ ਤੋਂ ਐਸ.ਆਈ.ਟੀ. / ਆਰ.ਓ.ਟੀ. ਨੂੰ ਆਨ ਕਰਨ ਦੀ ਕੋਈ ਲੋੜ ਨਹੀਂ ਹੈ । ਪਰੰਤੂ ਜੇਕਰ ਉਸ ਵਿਸ਼ੇ ਦੇ ਵਿਦਿਆਰਥੀ ਸਕੂਲ ਵਿੱਚ ਮੌਜੂਦ ਹਨ ਤਾਂ ਐਸ.ਆਈ.ਟੀ. / ਆਰ.ਓ.ਟੀ. ਦਾ ਫਾਇਦਾ ਉਠਾਇਆ ਜਾਵੇ ।